# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਫੋਗਿੰਗ ਕਰਨ ਵਾਲੀ ਨਵੀਂ ਗੱਡੀ ਅਤੇ 2 ਹੈਂਡੀ ਫੋਗਿੰਗ ਮਸ਼ੀਨਾ ਨੂੰ ਮੇਅਰ ਸ਼ਿਵ ਸੂਦ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ।

ਹੁਸ਼ਿਆਰਪੁਰ 30 ਜੁਲਾਈ ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਨਗਰ ਨਿਗਮ ਵਲੋ ਖਰੀਦ ਕੀਤੀ ਗਈ ਫੋਗਿੰਗ ਕਰਨ ਵਾਲੀ ਟਾਟਾ ਏਸ ਗੱਡੀ ਅਤੇ 2 ਹੈਂਡੀ ਫੋਗਿੰਗ ਮਸ਼ੀਨਾ ਨੂੰ ਸਵਾਮੀ ਵਿਵੇਕਾਨੰਦ ਮਿਊਸਪਲ ਭਵਨ ਵਿਖੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਡਿਪਟੀ ਮੇਅਰ ਸ਼ੁਕਲਾ ਸ਼ਰਮਾ ਵੀ ਇਸ ਮੋਕੇ ਤੇ ਉਹਨ੍ਹਾ ਦੇ ਨਾਲ ਸਨ।ਸ਼ਿਵ ਸੂਦ ਨੇ ਦਸਿੱਆ ਕਿ ਇਹ ਗੱਡੀ ਰੋਜ਼ਾਨਾ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਜਾ ਕੇ ਫੋਗਿੰਗ ਕਰੇਗੀ। ਉਨਾਂ ਦੱਸਿਆ ਕਿ ਇਸ ਗੱਡੀ ਵਿੱਚ ਅਮਰੀਕਾ ਦੀ ਬਲੈਕ ਹੋਕ ਕੰਪਨੀ ਦੀ ਬਣੀ ਹੋਈ ਆਧੁਨਿਕ ਫੋਗਿੰਗ ਮਸ਼ੀਨ ਲਗਾਈ ਗਈ ਹੈ। ਉਨਾਂ ਦੱਸਿਆ ਕਿ ਸ਼ਹਿਰ ਦੇ ਤੰਗ ਬਾਜ਼ਾਰਾਂ ਵਿੱਚ ਹੈਂਡੀ ਫੋਗਿੰਗ ਮਸ਼ੀਨਾਂ ਨਾਲ ਫੋਗਿੰਗ ਕਰਵਾਈ ਜਾਵੇਗੀ।

ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਏ.ਐਮ.ਈ ਹਰਪ੍ਰੀਤ ਸਿੰਘ, ਕੁਲਦੀਪ ਸਿੰਘ, ਸੈਨਟਰੀ ਇੰਸਪੈਕਟਰ ਸੰਜੀਵ ਕੁਮਾਰ, ਜਨਕ ਰਾਜ, ਸੁਰਿੰਦਰ ਕਮੁਾਰ, ਇੰਸਪੈਕਟਰ ਵਿਜੇ ਕਮੁਾਰ, ਰਵਿੰਦਰ ਠਾਕੁਰ,ਕੌਂਸਲਰ ਬਿਕਰਮਜੀਤ ਸਿੰਘ ਕਲਸੀ, ਮਨੋਜ ਕੁਮਾਰ, ਮਨੀ, ਕਮਲ, ਜ਼ਸਪਾਲ ਸਿੰਘ, ਆਸ਼ੂ ਬਤਰਾ ਵੀ ਇਸ ਮੋਕੇ ਤੇ ਹਾਜਰ ਸਨ।